I/558749/2023

**ਪੰਜਾਬ ਸਰਕਾਰ**

**ਸਿਹਤ ਤੇ ਪਰਿਵਾਰ ਭਲਾਈ ਵਿਭਾਗ**

**(ਸਿਹਤ- 2 ਸ਼ਾਖਾ)**

**ਹੁਕਮ**

ਡਾ. ਸੁਗੰਧਾ ਗੁਪਤਾ, ਮੈਡੀਕਲ ਅਫਸਰ, ਮੈਰਿਟ ਨੰ: 354/ਜੀ.ਸੀ./2016, ਸਿਵਲ ਹਸਪਤਾਲ, ਜੀਰਾ, ਜਿਲ੍ਹਾ ਫਿਰੋਜਪੁਰ ਨੂੰ 04 ਸਾਲਾ ਪਲੇਸਮੈਂਟ ਦੇਣ ਸਬੰਧੀ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ਈ-4(8)ਪੰ:2023/2531 ਮਿਤੀ 04.05.2023 ਰਾਹੀਂ ਪ੍ਰਾਪਤ ਹੋਈ ਤਜਵੀਜ ਦੇ ਸਨਮੁੱਖ ਡਾਕਟਰ ਨੂੰ 04 ਸਾਲਾ ਪਲੇਸਮੈਂਟ ਮਿਤੀ 07.11.2020 ਤੋਂ ਉਚੇਰਾ ਤਨਖਾਹ ਸਕੇਲ 15600-39100+6600 (ਗ੍ਰੇਡ ਪੇਅ) (ਇੰਨੀਸ਼ੀਅਲ ਪੇਅ ਰੁ: 25,250/-) ਵਿੱਚ ਦੇਣ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਡਾਕਟਰ ਦੀ ਪਲੇਸਮੈਂਟ ਦਾ ਲਾਭ ਵਿੱਤ ਵਿਭਾਗ ਦੀਆਂ ਹਦਾਇਤਾਂ ਮਿਤੀ 15.12.2021 ਦੇ ਸਨਮੁੱਖ ਲੋੜੀਂਦੀ ਅੰਡਰਟੇਕਿੰਗ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਵਿਖੇ ਦੇਣ ਉਪਰੰਤ ਰੀਲੀਜ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜੇਕਰ ਬਾਅਦ ਵਿੱਚ ਕੋਈ ਪ੍ਰਤੀਕੂਲ ਤੱਥ ਰੋਸ਼ਨੀ ਵਿੱਚ ਆਉਂਦਾ ਹੈ ਤਾਂ ਕੇਸ ਨੂੰ ਮੁੜ ਵਿਚਾਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਹੋਵੇਗਾ।

**ਮਿਤੀ, ਚੰਡੀਗੜ੍ਹ:**
**10 ਮਈ, 2023**

**ਵਿਵੇਕ ਪ੍ਰਤਾਪ ਸਿੰਘ, ਆਈ.ਏ.ਐਸ.**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,**
**ਸਿਹਤ ਤੇ ਪਰਿਵਾਰ ਭਲਾਈ ਵਿਭਾਗ**

**ਪਿੱ.ਅੰ.ਨੰ: HFW-HLH2029/31/2023-5H2/** 558749 **ਮਿਤੀ, ਚੰਡੀਗੜ੍ਹ:** 11/05/2023

ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

**ਗੁਪਤ** 1. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ: ਈ-4(8)ਪੰ:2023/2531 ਮਿਤੀ 04.05.2023 ਦੇ ਹਵਾਲੇ ਵਿੱਚ।

2. ਮਹਾਂਲੇਖਾਕਾਰ, ਪੰਜਾਬ, ਚੰਡੀਗੜ੍ਹ ।
3. ਸਿਵਲ ਸਰਜਨ, ਫਿਰੋਜਪੁਰ (ਵਿਭਾਗ ਦੀ ਵੈੱਬਸਾਈਟ ਰਾਹੀਂ)।
4. ਸੀਨੀਅਰ ਮੈਡੀਕਲ ਅਫਸਰ ਇੰਚਾ., ਸਿਵਲ ਹਸਪਤਾਲ, ਜੀਰਾ, ਜਿਲ੍ਹਾ ਫਿਰੋਜਪੁਰ (ਵਿਭਾਗ ਦੀ ਵੈੱਬਸਾਈਟ ਰਾਹੀਂ)।
5. ਡਾ. ਸੁਗੰਧਾ ਗੁਪਤਾ, ਮੈਡੀਕਲ ਅਫਸਰ, ਮੈਰਿਟ ਨੰ: 354/ਜੀ.ਸੀ./2016, ਸਿਵਲ ਹਸਪਤਾਲ, ਜੀਰਾ, ਜਿਲ੍ਹਾ ਫਿਰੋਜਪੁਰ (ਵਿਭਾਗ ਦੀ ਵੈੱਬਸਾਈਟ ਰਾਹੀਂ)।

**ਸੁਪਰਡੰਟ**